**ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ**

**ਜ਼ਮੀਨੀ ਰਜਿਸਟਰੀਆਂ ਹੋਣਗੀਆਂ ਆਨ-ਲਾਇਨ ਪੋਰਟਲ ’ਤੇ ਦਰਜ-ਡਿਪਟੀ ਕਮਿਸ਼ਨਰ**

**ਇੰਤਕਾਲਾਂ, ਨਿਸ਼ਾਨਦੇਹੀਆਂ, ਸਾਂਝੀਆਂ ਕੈਫਿਟਾਂ ਅਤੇ ਸਟੈਂਪ ਪੈਡਾਂ ਦੇ ਕੇਸਾਂ ਸਬੰਧੀ ਕੀਤੀ ਚਰਚਾ**

**ਲਾਲ ਲਕੀਰ ਅੰਦਰ ਆਉਣ ਵਾਲੀਆਂ ਥਾਂਵਾਂ ਦੀ ਨਾ ਕੀਤੀ ਜਾਵੇ ਨਿਸ਼ਾਨਦੇਹੀ**

**ਬਕਾਇਆ ਇੰਨਕੁਆਰੀ ਨਾ ਰੱਖੀ ਜਾਵੇ ਪੈਂਡਿੰਗ**

ਫਾਜ਼ਿਲਕਾ 17 ਨਵੰਬਰ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੂਬੇ ਦੇ ਡਿਪਟੀ ਕਮਿਸ਼ਨਰਾਂ ਨਾਲ ਜ਼ਮੀਨੀ ਰਜਿਸਟਰੀਆਂ ਨੂੰ ਆਨ-ਲਾਇਨ ਪੋਰਟਲ ’ਤੇ ਸ਼ੁਰੂਆਤ ਕਰਨ ਸਬੰਧੀ ਕੀਤੀ ਗਈ ਵੀਡੀਓ ਕਾਨਫਰੰਸ ਉਪਰੰਤ ਡਿਪਟੀ ਕਮਿਸ਼ਨਰ ਸ੍ਰੀਮਤੀ ਈਸ਼ਾ ਕਾਲੀਆ ਵੱਲੋਂ ਜ਼ਿਲ੍ਹੇ ਦੇ ਐਸ.ਡੀ.ਐਮਜ਼., ਤਹਿਸੀਲਦਾਰਾਂ, ਨਾਇਬ ਤਹਿਸੀਲਦਾਰਾਂ, ਸੀ.ਆਰ.ਓਜ਼., ਕਾਨੂੰਨਗੋ, ਪਟਵਾਰੀਆਂ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਦੌਰਾਨ ਜ਼ਮੀਨੀ ਇੰਤਕਾਲਾਂ, ਨਿਸ਼ਾਨਦੇਹੀਆਂ, ਸਾਂਝੀਆਂ ਕੈਫਿਟਾਂ ਅਤੇ ਸਟੈਂਪ ਪੈੜਾ ਆਦਿ ਦੇ ਕੇਸਾਂ ਸਬੰਧੀ ਵਿਸਥਾਰ ਪੂਰਵਕ ਵਿਚਾਰ - ਚਰਚਾ ਕੀਤੀ ਗਈ। ਇਸ ਮੌਕੇ ਉਨ੍ਹਾਂ ਵੱਲੋਂ ਜਿੱਥੇ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੀਆਂ ਹਦਾਇਤਾਂ ਕੀਤੀਆਂ ਗਈਆਂ ਉੱਥੇ ਉਨ੍ਹਾਂ ਕੋਲੋਂ ਕੀਮਤੀ ਸੁਝਾਅ ਲਏ ਗਏ ਅਤੇ ਉਨ੍ਹਾਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਵੀ ਸੁਣੀਆਂ ਗਈਆਂ।

ਵੀਡੀਓ ਕਾਨਫਰੰਸ ਹਾਲ ਵਿੱਚ ਅਧਿਕਾਰੀਆਂ ਨਾਲ ਕੀਤੀ ਗਈ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਾਨੂੰਗੋਆਂ ਨੂੰ ਸਾਂਝੀਆਂ ਕੈਫਿਟਾਂ ਅਤੇ ਸ਼ਹਿਰੀ ਖੇਤਰ ਦੀਆਂ ਲਾਲ ਲਕੀਰ ’ਚ ਆਉਣ ਵਾਲੀਆਂ ਥਾਵਾਂ ਦੀ ਨਿਸ਼ਾਨਦੇਹੀ ਨਾ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਨਿਸ਼ਾਨਦੇਹੀ ਸੇਵਾ ਕੇਂਦਰਾਂ ਰਾਹੀਂ ਅਪਲਾਈ ਕੀਤੀ ਜਾਵੇ ਅਤੇ ਸੀ.ਆਰ.ਓਜ਼. ਰਾਹੀਂ ਕੇਸ ਫਾਇਲ ਕੀਤੇ ਜਾਣ । ਉਨ੍ਹਾਂ ਇੰਨਕੁਆਰੀ ਅਧੀਨ ਪੈਂਡਿੰਗ ਪਏ ਕੇਸਾਂ ਨੂੰ ਵੀ ਜਲਦੀ ਹੱਲ ਕਰਨ ਦੀ ਹਦਾਇਤ ਕੀਤੀ। ਇਸ ਦੌਰਾਨ ਸਟੈਂਪ ਪੈੜਾਂ ਦੇ ਕੇਸਾਂ ਸਬੰਧੀ ਵੀ ਚਰਚਾ ਕਰਦਿਆਂ ਕਿਹਾ ਕਿ ਬਕਾਇਆ ਇੰਨਕੁਆਰੀ ਪੈਂਡਿੰਗ ਨਾ ਰੱਖੀ ਜਾਵੇ। ਇਸ ਦੌਰਾਨ ਸਾਂਝੇ ਖਾਤਿਆਂ ਦੀ ਤਕਸੀਮ ’ਤੇ ਕੀਤੇ ਜਾਣ ਵਾਲੇ ਬੈਂਕ ਲੋਨ ’ਚ ਵੀ ਸੋਧ ਕਰਨ ਬਾਰੇ ਚਰਚਾ ਕੀਤੀ ਗਈ।

ਇਸ ਮੌਕੇ ਸਹਾਇਕ ਕਮਿਸ਼ਨਰ ਸ੍ਰੀ ਜਗਦੀਪ ਸਹਿਗਲ, ਸਹਾਇਕ ਕਮਿਸ਼ਨਰ ਅੰਡਰ ਟ੍ਰੇਨਿੰਗ ਸ. ਰਣਦੀਪ ਸਿੰਘ, ਐਸ.ਡੀ.ਐਮ. ਅਬੋਹਰ ਮੈਡਮ ਪੂਨਮ ਸਿੰਘ, ਐਸ.ਡੀ.ਐਮ. ਜਲਾਲਾਬਾਦ

ਸ.ਪ੍ਰਿਥੀ ਸਿੰਘ ਤੋਂ ਇਲਾਵਾ ਜ਼ਿਲ੍ਹੇ ਨਾਲ ਸਬੰਧਤ ਤਹਿਸੀਲਦਾਰ, ਨਾਇਬ ਤਹਿਸੀਲਦਾਰ, ਕਾਨੂੰਗੋ ਅਤੇ ਮਾਲ ਵਿਭਾਗ ਨਾਲ ਸਬੰਧਤ ਅਧਿਕਾਰੀ ਮੌਜੂਦ ਸਨ।